


PUNJABI TRANSLATION

ਟ੍ਰੈਵਲ ਲਈ ਕਨੇਡੀਅਨ ਮਿਆਰਾਂ ਅਨੁਸਾਰ ਵੈਕਸੀਨੇਸ਼ਨ ਦਾ ਅੱਪਡੇਟਿਡ **QR** ਕੋਡ ਨਾਲ ਸਬੂਤ ਹੁਣ alberta.ca/CovidRecords ਤੇ ਉਪਲਬਧ ਹੈ।

ਆਪਣੀ ਜਾਣਕਾਰੀ ਭਰਨ ਤੋਂ ਬਾਅਦ ਵੈਧ **QR** ਕੋਡ ਨਾਲ ਪੀਡੀਐੱਫ ਪ੍ਰਾਪਤ ਕਰਨ ਲਈ "ਆਪਣੇ ਰਿਕਾਰਡ ਨੂੰ ਸੇਵ ਕਰਨਾ" ਯਕੀਨੀ ਬਣਾਓ।

ਡਿਜੀਟਲ ਅਤੇ ਪ੍ਰਿੰਟ ਕੀਤੇ ਰਿਕਾਰਡ ਵੈਧ ਹਨ। ਨਵੇਂ ਅਤੇ ਪੁਰਾਣੇ ਵੈਕਸੀਨ ਕਿਊਆਰ(**QR**) ਕੋਡ ਰਿਕਾਰਡ ਦੋਵੇਂ ਅਲਬਰਟਾ ਦੇ ਕਾਰੋਬਾਰਾਂ ਵਿੱਚ ਵਰਤੇ ਜਾ ਸਕਦੇ ਹਨ। ਕੇਵਲ ਟ੍ਰੈਵਲ(ਯਾਤਰਾ) ਤੋਂ ਇਲਾਵਾ ਤੁਹਾਨੂੰ ਅੱਪਡੇਟਿਡ ਰਿਕਾਰਡ ਦੀ ਲੋੜ ਨਹੀਂ ਹੈ।

ਲੋੜ ਪੈਣ ਤੇ ਪ੍ਰਿੰਟ ਕੀਤੇ ਰਿਕਾਰਡ ਰਜਿਸਟਰੀ ਏਜੰਟ ਤੋਂ ਜਾਂ ਹੈਲਥ ਲਿੰਕ 811 ਤੇ ਕਾਲ ਕਰਕੇ ਮੁਫਤ ਪ੍ਰਾਪਤ ਕਰ ਸਕਦੇ ਹੋ। ਆਪਣਾ ਰਿਕਾਰਡ ਡਾਊਨਲੋਡ ਕਰਨ ਵਿੱਚ ਸਹਾਇਤਾ ਲਈ alberta.ca/CovidRecordsHelp ਤੇ ਜਾਓ।

ਅੱਪਡੇਟਿਡ ਕੋਡ ਨੂੰ ਪੜ੍ਹਨ(ਸਕੈਨ) ਲਈ ਕਾਰੋਬਾਰਾਂ ਨੂੰ **AB Covid Records Verifier** ਐਪ ਨੂੰ ਅੱਪਡੇਟ ਕਰਨ ਦੀ ਲੋੜ ਹੋ ਸਕਦੀ ਹੈ। ਤੁਸੀਂ ਗੂਗਲ ਜਾਂ ਐਪਲ ਸਟੋਰ ਤੇ ਜਾ ਕੇ ਐਪ ਦੇ ਨਵੇ ਰੂਪ ਦੀ ਜਾਂਚ ਕਰ ਸਕਦੇ ਹੋ। ਜੇਕਰ ਅੱਪਡੇਟ ਤੋਂ ਬਾਅਦ ਸਕੈਨ ਕੀਤੇ ਜਾਣ ਤੇ ਰਿਕਾਰਡ ਅਜੇ ਵੀ ਵੈਧ(ਵੈਲਿਡ) ਦਿਖਾਈ ਨਹੀਂ ਦੇ ਰਿਹਾ ਤਾਂ ਐਪ ਨੂੰ ਦੁਬਾਰਾ ਡਾਊਨਲੋਡ ਕਰੋ।